# ਸੱਤਵੀਂ ਪੰਜਾਬੀ

## ਪਾਠ-4. ਘੜੇ ਦਾ ਪਾਣੀ

### ਔਖੇ ਸ਼ਬਦਾਂ ਦੇ ਅਰਥ

ਵਜੰਤਰੀ : ਸਾਜ਼ ਵਜਾਉਣ ਵਾਲ਼ਾ।
ਅਠਖੇਲੀਆਂ : ਮਸਤੀ।
ਵਹਿੰਗੀ : ਚੀਜ਼ਾਂ ਰੱਖਣ ਲਈ ਤੱਕੜੀ ਵਰਗੀ ਦੋ ਛਾਬਿਆਂ ਵਾਲ਼ੀ ਚੀਜ਼।
ਚਹਿਲ-ਪਹਿਲ : ਰੌਣਕ।
ਸ਼ਰੀਕ : ਸਾਥੀ, ਬਰਾਬਰ ਹੱਕ ਰੱਖਦਾ, ਭਾਈਵਾਲ।
ਤੰਦਰੁਸਤ : ਅਰੋਗ, ਸਿਹਤਮੰਦ।
ਬਹੁੜਦਾ : ਅੱਪੜਦਾ, ਆਉਂਦਾ, ਪਹੁੰਚਦਾ।
ਮੰਤਵ : ਉਦੇਸ਼
ਲੋਪ ਹੋਣਾ : ਗੁਆਚ ਜਾਣਾ, ਗੁੰਮ ਹੋ ਜਾਣਾ
ਗੁਣਕਾਰੀ : ਉਪਯੋਗੀ, ਫ਼ਾਇਦੇਮੰਦ, ਲਾਭਦਾਇਕ

### ਅਭਿਆਸ ਪ੍ਰਸ਼ਨ

ਪ੍ਰ. 1. ਘੜੇ ਦੇ ਹੋਰ ਰੂਪ ਕਿਹੜੇ-ਕਿਹੜੇ ਹਨ?
ਉੱਤਰ - ਮੱਟ, ਘੜੀ, ਸੁਰਾਹੀ, ਚਾਟੀ, ਝੱਕਰਾ, ਝੱਕਰੀ, ਤੌੜੀ ਆਦਿ ਸਾਰੇ ਘੜੇ ਦੇ ਹੋਰ ਰੂਪ ਹਨ।

ਪ੍ਰ. 2. ਘੜੇ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਲਈ ਕੀਤੀ ਜਾਂਦੀ ਹੈ?
ਉੱਤਰ - ਘੜੇ ਦੀ ਵਰਤੋਂ ਪਾਣੀ ਨੂੰ ਸੰਭਾਲਣ, ਸਾਜ਼ ਦੇ ਰੂਪ ਵਿੱਚ ਵਜਾਉਣ, ਪੂਜਾ ਪਾਠ ਸਮੇਂ ਕੁੰਭ ਦਾ ਜਲ ਸਾਂਭਣ ਤੇ ਮ੍ਰਿਤਕ ਦੀ ਅੰਤਮ ਰਸਮ ਨਿਭਾਉਣ ਲਈ ਕੀਤੀ ਜਾਂਦੀ ਹੈ।

ਪ੍ਰ. 3. ਪੁਰਾਣੇ ਸਮੇਂ ਵਿੱਚ ਪਿਆਸੇ ਰਾਹੀਆਂ ਦੀ ਪਿਆਸ ਬੁਝਾਉਣ ਲਈ ਕੀ ਕੀਤਾ ਜਾਂਦਾ ਸੀ?
ਉੱਤਰ - ਪੁਰਾਣੇ ਸਮੇਂ ਵਿੱਚ ਰਜੇ ਮਹਾਰਾਜੇ ਅਤੇ ਪਰਉਪਕਾਰੀ ਲੋਕ ਕਿਸੇ ਛਾਂ ਦਾਰ ਰੁੱਖ ਜਾਂ ਛੰਨ ਦੇ ਹੇਠਾਂ ਥਾਂ-ਥਾਂ ਪਿਆਓ ਬਿਠਾਉਂਦੇ ਸਨ। ਰੇਤੇ ਉੱਤੇ ਘੜੇ ਜਾਂ ਮੱਟ ਰੱਖੇ ਹੁੰਦੇ ਸਨ।



Scanned by CamScanner

ਪ੍ਰ. 4. ਪੁਰਾਣੇ ਸਮੇਂ ਵਿੱਚ ਖੂਹਾਂ ਤੋਂ ਪਾਣੀ ਲਿਆਉਣ ਲਈ ਮੁਟਿਆਰਾਂ ਕੀ ਕੁੱਝ ਕਰਦੀਆਂ ਸਨ?

ਉੱਤਰ – ਉਸ ਸਮੇਂ ਮੁਟਿਆਰਾਂ ਘੜੇ ਦੀ ਵਰਤੋਂ ਕਰਦੀਆਂ ਸਨ। ਉਹ ਇੱਕ-ਦੂਜੀ ਨਾਲ਼ ਜ਼ਿੱਦ ਕੇ ਵੱਧ ਤੋਂ ਵੱਧ ਘੜੇ ਸਿਰਾਂ ਤੇ ਚੁੱਕਦੀਆਂ ਸਨ। ਉਹ ਆਮ ਕਰਕੇ ਦੋ-ਦੋ ਘੜੇ ਸਿਰਾਂ ਉੱਤੇ ਚੁੱਕ ਕੇ ਤੇ ਇੱਕ ਘੜਾ ਬੱਚੇ ਨੂੰ ਚੁੱਕਣ ਵਾਂਗ ਢਾਕ ਤੇ ਰੱਖ ਕੇ ਅਠਖੇਲੀਆਂ ਕਰਦੀਆਂ ਤੁਰਦੀਆਂ ਸਨ।

ਪ੍ਰ. 5. ਅਜੋਕੇ ਮਾਹੌਲ ਵਿੱਚ ਘੜਾ ਕਿੰਨਾ ਕੁ ਮਹੱਤਵ-ਪੂਰਨ ਹੈ?

ਉੱਤਰ – ਅਜੋਕੇ ਮਾਹੌਲ ਵਿੱਚ ਘੜਾ ਬਹੁਤਾ ਮਹੱਤਵਪੂਰਨ ਨਹੀਂ ਰਿਹਾ। ਅੱਜ-ਕਲ, ਘਰ-ਘਰ ਨਲਕੇ ਤੇ ਟੂਟੀਆਂ ਲੱਗਣ ਕਾਰਨ ਤੇ ਘਰਾਂ ਵਿੱਚ ਫ਼ਰਿਜ਼ ਆਉਣ ਕਾਰਨ ਪਾਣੀ ਹਰ ਸਮੇਂ ਘਰਾਂ ਵਿੱਚ ਮਿਲ਼ ਜਾਂਦਾ ਹੈ, ਇਸ ਕਰਕੇ ਘੜਾ ਬਹੁਤ ਮਹੱਤਵਪੂਰਨ ਨਹੀਂ ਰਿਹਾ।

ਪ੍ਰ. 6. ਮਨੁੱਖੀ ਸਰੀਰ ਕਿਹੜੇ-ਕਿਹੜੇ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ ਅਤੇ ਇਹ ਤੱਤ ਘੜੇ ਵਿੱਚ ਕਿਸ ਤਰ੍ਹਾਂ ਸਮੋਏ ਹੋਏ ਹਨ?

ਉੱਤਰ – ਮਨੁੱਖੀ ਸਰੀਰ ਮਿੱਟੀ, ਪਾਣੀ, ਹਵਾ, ਅਗਨੀ ਤੇ ਅਕਾਸ਼ ਦਾ ਬਣਿਆ ਹੋਇਆ ਹੈ। ਘੜੇ ਵਿੱਚ ਵੀ ਇਹ ਪੰਜੇ ਤੱਤ ਮੌਜੂਦ ਹਨ। ਮਿੱਟੀ ਨੂੰ ਗੁੰਨ੍ਹ ਕੇ ਖੁੱਲ੍ਹੇ ਅਕਾਸ਼ ਹੇਠ ਚੱਕ ਉੱਤੇ ਹਵਾ ਦੇ ਮਿੱਠੇ ਹਿਲੋਰਿਆਂ ਨਾਲ਼ ਕਾਰੀਗਰ ਬਣਾਉਂਦਾ ਹੈ ਤੇ ਫਿਰ ਉਸ ਨੂੰ ਅਗਨੀ ਵਿੱਚ ਪਕਾਇਆ ਜਾਂਦਾ ਹੈ।

## ਸਹਿ-ਵਿਦਿਅਕ ਕਿਰਿਆਵਾਂ

1. ਵਾਕਾਂ ਵਿੱਚ ਵਰਤੋ – ਇਤਰਾਜ਼, ਸਮਾਗਮ, ਪਰੰਪਰਾ, ਪਰਉਪਕਾਰੀ, ਅਠਖੇਲੀਆਂ, ਗ਼ਾਇਬ, ਕਾਰੀਗਰ, ਚਮਤਕਾਰ, ਸ਼ਰੀਕਦਾਰ।



Scanned by CamScanner

2. ਪੜ੍ਹੋ ਤੇ ਸਮਝੋ (ਉਲਟ-ਭਾਵੀ)

ਚੰਗਾ : ਬੁਰਾ
ਅਸਲੀ
ਖ਼ੁਸ਼ੀ
ਸਾਫ਼
ਅੰਮ੍ਰਿਤ
ਠੰਢਾ
ਮਿੱਠਾ
ਵਿਆਹੀਆਂ
ਰਾਤ
ਸਵੇਰੇ
ਸਰਦੀ

3. ਇਸ ਪਾਠ ਵਿੱਚੋਂ ਵਿਸ਼ੇਸ਼ਣ ਸ਼ਬਦ ਲੱਭ ਕੇ ਲਿਖੋ।

4. ਪਾਣੀ ਦੀ ਸਾਂਭ-ਸੰਭਾਲ ਕਿਵੇਂ ਕਰਨੀ ਚਾਹੀਦੀ ਹੈ, ਆਪਣੇ ਵਿਚਾਰ ਲਿਖੋ।

Scanned by CamScanner